This question paper contains 2 printed pages]

Roll No. | | | | | | | | | | | |

S. No. of Question Paper : **251**

Unique Paper Code : **212154** **D**

Name of the Paper : **Punjabi Language 'A' (Advance)**

Name of the Course : **B.A. (Programme) Punjabi**

Semester : **I**

Duration : **3 Hours** Maximum Marks : 75

*(Write your Roll No. on the top immediately on receipt of this question paper.)*

ਨੋਟ : ਸਾਰੇ ਪ੍ਰਸ਼ਨਾਂ ਦੇ ਉੱਤਰ ਦੇਣੇ ਲਾਜ਼ਮੀ ਹਨ।

1. ਆਪਣੀ ਪਾਠ-ਪੁਸਤਕ 'ਨਵਦੀਪਿਕਾ' ਵਿਚ ਹਾਸ਼ਮ ਰਚਿਤ 'ਕਿੱਸਾ ਸੱਸੀ ਪੁਨੂੰ' ਦੀ ਕਹਾਣੀ ਨੂੰ ਅਪਾਣੇ ਸ਼ਬਦਾਂ ਵਿਚ ਲਿਖੋ। 15

ਜਾਂ

'ਕਿੱਸਾ ਪੂਰਨ ਭਗਤ' ਦੇ ਆਧਾਰ 'ਤੇ ਪੂਰਨ ਭਗਤ ਦੀ ਕਹਾਣੀ ਦਾ ਸਾਰ ਆਪਣੇ ਸ਼ਰਦਾਂ ਵਿਚ ਲਿਖੋ।

2. ਹੇਠਾਂ ਲਿਖੇ ਕਾਵਿ-ਬੰਧਾਂ ਵਿਚੋਂ ਕਿਸੇ ਇਕ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ : 10

1) ਸਾਹਿਬਾਂ ਗਈ ਤੇਲ ਨੂੰ, ਗਈ ਪਸਾਰੀ ਦੀ ਹੱਟ,
ਫੜ ਨਾ ਜਾਣੇ ਤੱਕੜੀ, ਹਾੜ ਨਾ ਜਾਵੇ ਵੱਟ,
ਤੇਲ ਭੁਲਾਵੇ ਭੁਲਾ ਬਾਣੀਆ ਦਿੱਤਾ ਸਹਿਤ ਉਲਟ
ਵਣਜ ਗਵਾ ਲਏ ਬਾਣੀਆਂ ਬਲਦ ਗੰਵਾਇ ਜੱਟ।

2) ਦੁਰਗਾ ਬੈਣ ਸੁਣੰਦੀ ਹੱਸੀ ਹੜਹੜਾਇ।।
ਉਹੀ ਸੀਹ ਮੰਗਾਇਆ ਰਾਕਸ਼ ਭੱਖਣਾ।।
ਚਿੰਤਾ ਕਰਹੁ ਨ ਕਾਈ ਦੇਵਾਂ ਨੂੰ ਆਖਿਆ।।
ਰੋਹ ਹੋਈ ਮਹਾ ਮਾਈ ਰਾਕਸਿ ਮਾਰਣੇ।।

3. 'ਨੰਗੇ ਪੈਰਾਂ ਦਾ ਸਫ਼ਰ' ਪੁਸਤਕ ਦੇ ਆਧਾਰ 'ਤੇ ਦਲੀਪ ਕੌਰ ਟਿਵਾਣਾ ਦੀ ਵਾਰਤਕ-ਸ਼ੈਲੀ 'ਤੇ ਨੋਟ ਲਿਖੋ 15

ਜਾਂ

'ਨੰਗੇ ਪੈਰਾਂ ਦਾ ਸਫ਼ਰ' ਪੁਸਤਕ ਵਿਚ ਨਾਰੀ ਦਾ ਜੋ ਬਿੰਬ ਉਭਰ ਕੇ ਸਾਹਮਣੇ ਆਉਂਦਾ ਹੈ, ਉਸ ਬਾਰੇ ਵਿਸਤਾਰ ਨਾਲ ਲਿਖੋ।

4. ਨੰਗੇ ਪੈਰਾਂ ਦਾ ਸਫ਼ਰ' ਸਵੈ-ਜੀਵਨੀ ਵਿਚੋਂ ਲੇਖਿਕਾ ਦੇ ਬਚਪਨ ਦੀਆਂ ਕੁਝ ਘਟਨਾਵਾਂ ਤੇ ਯਾਦਾਂ ਬਾਰੇ ਸੰਖੇਪ ਜਾਣਕਾਰੀ ਦਿਉ। 10

5. ਹੇਠ ਲਿਖੇ ਅਖਾਣਾਂ ਵਿਚੋਂ ਕੋਈ ਪੰਜ ਨੂੰ ਵਾਕਾਂ ਵਿਚ ਇਸ ਤਰ੍ਹਾਂ ਵਰਤੋ ਕਿ ਅਰਥ ਸਪੱਸ਼ਟ ਹੋ ਜਾਣ : 5

ਅੰਨ੍ਹਾਂ ਵੰਡੇ ਰਿਉੜੀਆਂ ਮੁੜ-ਮੁੜ ਆਪਣਿਆਂ ਨੂੰ ਦੇਵੇ, ਉਹ ਕਿਹੜੀ ਗਲੀ ਕਿਥੇ ਭਾਗੋ ਨਹੀ ਖਲੀ, ਜਿਹਦੀ ਕੋਠੀ ਦਾਣੇ ਉਹਦੇ ਕਮਲੇ ਵੀ ਸਿਆਣੇ, ਇਕ ਚੁੱਪ ਸੌ ਸੁੱਖ, ਸਸਤਾ ਰੋਵੇ ਬਾਰ ਬਾਰ ਮਹਿੰਗਾ ਰੋਵੇ ਇਕੋ ਵਾਰ, ਕਾਹਲੀ ਅੱਗੇ ਟੋਟੇ, ਇਕ ਅਨਾਰ ਸੌ ਬਿਮਾਰ।

6. 'ਰਚਿਤ ਸ਼ਬਦ' ਤੋਂ ਕੀ ਭਾਵ ਹੈ। ਰਚਿਤ ਸ਼ਬਦ ਕਿੰਨੀ ਪ੍ਰਕਾਰ ਦੇ ਹੁੰਦੇ ਹਨ? ਉਦਾਹਰਣਾਂ ਸਹਿਤ ਲਿਖੋ। 10

ਜਾਂ

ਵਾਕ ਕੀ ਹੁੰਦਾ ਹੈ? ਵਾਕ ਦੀਆਂ ਮੁੱਖ ਕਿਸਮਾਂ ਉਦਾਹਰਣਾਂ ਸਹਿਤ ਲਿਖੋ।

7. ਹੇਠ ਲਿਖੇ ਪੈਰ੍ਹੇ ਨੂੰ ਪੜ੍ਹ ਕੇ ਉਸਦਾ ਸਾਰ ਲਿਖੋ ਤੇ ਢੁੱਕਵਾਂ ਸਿਰਲੇਖ ਵੀ ਦਿਉ : 10

''ਸਾਡੇ ਅਨੇਕਾਂ ਨੌਜਵਾਨ ਜ਼ਿੰਦਗੀ ਦੇ ਚੁਰਸਤੇ ਉੱਤੇ ਡਾਵਾਂ ਡੋਲ ਖੜੋਤੇ ਦਿਖਾਈ ਦੇ ਰਹੇ ਹਨ। ਉਹ ਹਰ ਪਾਸੇ ਵੇਖ ਰਹੇ ਹਨ, ਪਰ ਆਪਣੀ ਜ਼ਿੰਦਗੀ ਦੇ ਸਹੀ ਕੰਮ ਦੀ ਚੋਣ ਨਹੀਂ ਕਰ ਸਕਦੇ। ਪਹਿਲਾਂ ਤਾਂ ਉਹਨਾਂ ਨੂੰ ਕਰਨ ਵਾਲੇ ਕੰਮ ਹੀ ਜ਼ਿਆਦਾ ਨਹੀਂ ਦਿੱਸਦੇ, ਫਿਰ ਉਹਨਾਂ ਨੂੰ ਇਹ ਪਤਾ ਨਹੀਂ ਲੱਗਦਾ ਕਿ ਉਹ ਕਿਸ ਕੰਮ ਦੀ ਯੋਗਤਾ ਰੱਖਦੇ ਹਨ। ਇਸ ਚੋਣ ਉੱਤੇ ਹੀ ਜ਼ਿੰਦਗੀ ਦੀ ਕਾਮਯਾਬੀ ਨਿਰਭਰ ਹੈ। ਅਨੇਕਾਂ ਜ਼ਿੰਦਗੀਆਂ ਸਿਰਫ ਇਸ ਲਈ ਆਪਣਾ ਮੁੱਲ ਨਹੀਂ ਪੁਆ ਸਕੀਆਂ ਕਿਉਂਕਿ ਉਹਨਾਂ ਦੇ ਕੰਮ ਦੀ ਚੋਣ ਗ਼ਲਤ ਸੀ। ਸਾਰੀ ਉਮਰ ਗੋਲ ਸੁਰਾਖ਼ ਜੋੜਨ ਲਈ ਆਪਣੇ ਚੋਰਸ ਕਿੱਲੇ ਦੀਆਂ ਨੁੱਕਰਾਂ ਛਿਲਦੇ ਰਹੇ ਹਨ। ਕੰਮ ਦੀ ਚੋਣ ਜ਼ਿੰਦਗੀ ਦੇ ਪਹਿਲੇ ਇਕ ਜਾਂ ਦੋ ਫੈਸਲਿਆਂ ਵਿਚੋਂ ਹੈ। ਜ਼ਿੰਦਗੀਆਂ ਗ਼ਲਤ ਚੋਣ ਕਰਕੇ, ਨਿਕੰਮੀਆਂ ਤੇ ਨਾਖੁਸ਼ ਰਹਿ ਜਾਂਦੀਆਂ ਹਨ। ਜਦੋਂ ਤੱਕ ਇਕ ਕਾਰੀਗਾਰ ਨੂੰ ਆਪਣੇ ਹੱਥਲੇ ਕੰਮ ਵਿਚ ਰੋਜ਼ੀ ਤੋਂ ਛੁਟ ਇਕ ਅਨੰਦ ਦੀ ਪ੍ਰਾਪਤੀ ਨਹੀਂ ਹੁੰਦੀ, ਉਦੋਂ ਤੱਕ ਉਹ ਨਾ ਤਾਂ ਆਪਣੇ ਕੰਮ ਵਿਚ ਕਮਾਲ ਦੀ ਆਸ ਰੱਖ ਸਕਦਾ ਹੈ ਅਤੇ ਨਾ ਹੀ ਉਹ ਕੰਮ ਦੇ ਵਸੀਲੇ ਨਾਲ ਆਪਣੀ ਆਤਮਾ ਵਿਚ ਖੇੜਾ ਲਿਆ ਸਕਦਾ ਹੈ। ਯਾਦ ਰਹੇ ਜ਼ਿੰਦਗੀ ਨੂੰ ਸਫ਼ਲ ਤੌਰ ਉੱਤੇ ਚਾਲੂ ਰੱਖਣ ਲਈ ਗੁਜ਼ਾਰੇ ਨਾਲੋਂ ਖੇੜੇ ਦੀ ਲੋੜ ਵਧੇਰੇ ਹੈ।''

ੴੴੴ